بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 25.05.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਅਤਿ ਉੱਤਮ ਸੰਬੰਧ ਦਾ ਪ੍ਰਦਰਸ਼ਨ ਆਪ ਦੀ ਸਿੱਖਿਆ ਉਪੱਰ ਅਮਲ ਕਰਨਾ ਹੈ, ਆਪ ਦੇ ਬਾਦ ਖ਼ਿਲਾਫ਼ਤ ਦੇ ਨਿਜ਼ਾਮ ਨਾਲ ਜੁੜੇ ਰਹਿਣ ਨਾਲ ਹੈ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 25 ਮਈ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਸੂਰਾਤੁਲ ਨੂਰ ਦੀ ਆਇਤ 56 ਤੇ 57 ਦੀ ਤਲਾਵਤ ਕੀਤੀ ਅਤੇ ਅਰਥ ਦਸੱਦਿਆਂ ਹੋਇਆਂ ਫ਼ਰਮਾਇਆ :

وَعَدَ اللّٰہُ الَّذِیۡنَ اٰمَنُوۡا مِنۡکُمۡ وَعَمِلُوا الصّٰلِحٰتِ لَیَسۡتَخۡلِفَنَّہُمۡ فِی الۡاَرۡضِ کَمَا اسۡتَخۡلَفَ الَّذِیۡنَ مِنۡ قَبۡلِہِمۡ ۪ وَلَیُمَکِّنَنَّ لَہُمۡ دِیۡنَہُمُ الَّذِی ارۡتَضٰی لَہُمۡ وَلَیُبَدِّلَنَّہُمۡ مِّنۡۢ بَعۡدِ خَوۡفِہِمۡ اَمۡنًا ؕ یَعۡبُدُوۡنَنِیۡ لَا یُشۡرِکُوۡنَ بِیۡ شَیۡئًا ؕ وَمَنۡ کَفَرَ بَعۡدَ ذٰلِکَ فَاُولٰٓئِکَ ہُمُ الۡفٰسِقُوۡنَ ○ وَاَقِیۡمُوا الصَّلٰوۃَ وَاٰتُوا الزَّکٰوۃَ وَاَطِیۡعُوا الرَّسُوۡلَ لَعَلَّکُمۡ تُرۡحَمُوۡنَ ○

ਅਰਥ : ਫ਼ਰਮਾਇਆ ਇਹਨਾ ਆਇਤਾਂ ਦਾ ਅਰਥ ਇਹ ਹੈ ਕਿ ਤੁਹਾਡੇ ਵਿੱਚੋਂ ਜੋ ਲੋਕ ਇਮਾਨ ਲਿਆਏ ਅਤੇ ਨੇਕ ਕਰਮ ਕੀਤੇ ਉਹਨਾ ਤੋਂ ਰੱਬ ਨੇ ਪਕੱਾ ਬਚਨ ਕੀਤਾ ਹੈ ਕਿ ਉਹਨਾਂ ਨੂੰ ਨਿਸ਼ਚੇ ਧਰਤੀ'ਤੇ ਖ਼ਲੀਫ਼ਾ ਬਣਾਏਗਾ ਜਿਵੇਂ ਕਿ ਉਸ ਨੇ ਇਹਨਾ ਤੋਂ ਪਹਿਲਾਂ ਲੋਕਾਂ ਨੂੰ ਖ਼ਲੀਫ਼ਾ ਬਣਾਇਆ ਅਤੇ ਉਹਨਾ ਲਈ ਉਹਨਾਂ ਦੇ ਦੀਨ ਨੂੰ ਜੋ ਉਸ ਨੇ ਇਹਨਾ ਲਈ ਪਸੰਦ ਕੀਤਾ ਨਿਸ਼ਚੇ ਹੀ ਵੱਡਿਆਈ ਪ੍ਰਦਾਨ ਕਰੇਗਾ ਅਤੇ ਉਹਨਾਂ ਦੀ ਖ਼ੌਫ਼ ਦੀ ਅਵਸਥਾ ਦੇ ਬਾਦ ਨਿਸ਼ਚੇ ਹੀ ਉਹਨਾਂ ਨੂੰ ਅਮਨ ਦੀ ਅਵਸਥਾ ਵਿੱਚ ਬਦਲ ਦੇਵੇਗਾ, ਉਹ ਮੇਰੀ ਇਬਾਦਤ ਕਰਨਗੇ, ਮੇਰੇ ਨਾਲ ਕਿਸੇ ਨੂੰ ਸ਼ਰੀਕ ਨਹੀਂ ਬਣਾਉਣਗੇ ਅਤੇ ਜੋ ਇਸ ਦੇ ਬਾਦ ਵੀ ਨਾਸ਼ੁਕਰੀ ਕਰਨ ਤਾਂ ਇਹੋ ਲੋਕ ਹਨ ਜੋ ਅਵਗਿਆਕਾਰ ਹਨ । ਅਤੇ ਨਮਾਜ਼ ਕਾਇਮ ਕਰੋ ਅਤੇ ਜ਼ਕਾਤ ਦਿਓ ਅਤੇ ਰਸੂਲ ਦੀ ਆਗਿਆਕਾਰੀ ਕਰੋ ਤਾਂ ਜੋ ਤੁਹਾਡੇ ਉਪੱਰ ਰਹਿਮ ਕੀਤਾ ਜਾਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹਨਾਂ ਆਇਤਾਂ ਵਿੱਚ ਰੱਬ ਦੇ ਇਕ ਵਾਦੇ (ਬਚਨ) ਬਾਰੇ ਵਰਨਣ ਹੈ ਕਿ ਅਲੱਾਹ ਤਆਲਾ ਤੁਹਾਨੂੰ ਇਕ ਉਪਹਾਰ ਨਾਲ ਨਿਵਾਜੇਗਾ ਅਤੇ ਉਹ ਖ਼ਿਲਾਫ਼ਤ ਦੇ ਨਿਜ਼ਾਮ ਦਾ ਉਪਹਾਰ ਹੈ, ਜਿਸ ਦੇ ਸਿੱਟੇ ਵਿੱਚ ਤੁਹਾਨੂੰ ਵੱਡਿਆਈ ਹਾਸਲ ਹੋਵੇਗੀ ਅਤੇ ਖ਼ੌਫ਼ ਦੀ ਅਵਸਥਾ ਦੇ ਬਾਦ ਅਮਨ ਦੀ ਹਾਲਤ ਵੀ ਮਿਲੇਗੀ । ਸੋ, ਇਹ ਬਚਨ ਹੈ ਭਵਿੱਖਬਾਣੀ ਨਹੀਂ ਕਿ ਅਵਸ਼ ਰੱਬ ਦੇਵੇਗਾ । ਇਹ ਨਹੀਂ ਫ਼ਰਮਾਇਆ ਕਿ ਹਾਂ

ਦੇਵੇਗਾ ਅਤੇ ਅਵਸ਼ ਦੇਵੇਗਾ, ਜੋ ਇਸ ਦੀਆਂ ਸ਼ਰਤਾਂ ਪੂਰੀਆਂ ਕਰਨ ਵਾਲੇ ਹੋਣਗੇ, ਇਸ ਵਾਦੇ ਦੇ ਨਾਲ ਹੈ ਅਤੇ ਸ਼ਰਤਾਂ ਕੀ ਹਨ, ਰੱਬ ਫ਼ਰਮਾਉਂਦਾ ਹੈ ਕਿ ਉਹ ਮੇਰੀ ਇਬਾਦਤ ਕਰਨ ਵਾਲੇ ਹੋਣਗੇ । ਸ਼ਿਰਕ (ਅਨੇਕ ਈਸ਼ਵਰਵਾਦ) ਤੋਂ ਪੂਰੀ ਤਰ੍ਹਾਂ ਗੁਰੇਜ਼ ਕਰਨ ਵਾਲੇ ਹੋਣਗੇ । ਜੇਕਰ ਇਬਾਦਤ ਕਰਨ ਵਾਲੇ ਨਹੀਂ, ਜੇਕਰ ਸ਼ਿਰਕ ਤੋਂ ਪੂਰੀ ਤਰ੍ਹਾਂ ਬਚਣ ਵਾਲੇ ਨਹੀਂ ਤਾਂ ਫਿਰ ਇਸ ਵਾਦੇ (ਵਚਨ) ਤੋਂ ਭਰਪੂਰ ਲਾਭ ਨਹੀਂ ਉਠਾ ਸਕਣਗੇ । ਕੁਰਆਨ ਕਰੀਮ ਤੋਂ ਵੀ ਸਾਨੂੰ ਇਹੋ ਪ੍ਰਤੱਖ ਹੁੰਦਾ ਹੈ ਕਿ ਅੰਤਲੇ ਜੁੱਗ ਵਿੱਚ 'ਖ਼ਿਲਾਫ਼ਤ ਅਲਾ ਮਿਨਹਾਜੇ ਨਬੁੱਵਤ' (ਨਬੁਵੱਤ ਦੇ ਬਾਦ ਖ਼ਿਲਾਫ਼ਤ) ਕਾਇਮ ਹੋਵੇਗੀ । ਹਦੀਸਾਂ ਤੋਂ ਵੀ ਸਾਨੂੰ ਇਹੋ ਪਤਾ ਚਲਦਾ ਹੈ ਕਿ ਨਬੁਵੱਤ ਦੇ ਬਾਦ ਖ਼ਿਲਾਫ਼ਤ ਕਾਇਮ ਹੋਵੇਗੀ ਅਤੇ ਇਹ ਸਦੈਵੀ ਖ਼ਿਲਾਫ਼ਤ ਹੈ ਅਤੇ ਸਾਨੂੰ ਮਸੀਹ ਮੌਊਦ ਅਲੈਹਿ ਸਲਾਮ ਨੇ ਵੀ ਬਹੁਤ ਵਿਸਥਾਰ ਨਾਲ ਸਪਸ਼ਟ ਰੂਪ ਵਿੱਚ ਫ਼ਰਮਾਇਆ ਕਿ ਮੇਰੇ ਬਾਦ ਖ਼ਿਲਾਫ਼ਤ ਹੋਵੇਗੀ ਅਤੇ ਇਹ ਹਮੇਸ਼ਾ ਰਹੇਗੀ, ਪਰੰਤੂ ਨਾਲ ਹੀ ਰੱਬ ਨੇ ਇਹਨਾਂ ਆਇਤਾਂ ਵਿੱਚ ਮੁਸਲਮਾਨਾ ਨੂੰ ਇਹ ਵੀ ਸਪਸ਼ਟ ਕਰ ਦਿਤੱਾ ਕਿ ਖ਼ਿਲਾਫ਼ਤ ਦੇ ਵਾਦੇ ਨਾਲ ਲਾਭ ਉਠਾਉਣ ਲਈ, ਇਸ ਦੇ ਉਪਹਾਰਾਂ ਵਿੱਚੋਂ ਭਾਗ ਲੈਂਣ ਲਈ ਆਪਣੀਆਂ ਹਾਲਤਾਂ ਨੂੰ ਬਦਲਨਾ ਹੋਵੇਗਾ, ਕੇਵਲ ਮੁਸਲਮਾਨ ਅਖਾਵਾਉਣਾ, ਕੇਵਲ ਦਿਖਾਵੇ ਦੇ ਇਮਾਨ ਦਾ ਪ੍ਰਦਰਸ਼ਨ ਕਰਨਾ ਖ਼ਿਲਾਫ਼ਤ ਦੇ ਉਪਹਾਰਾਂ ਦਾ ਹਕੱਦਾਰ ਨਹੀਂ ਬਣਾ ਦੇਵੇਗਾ । ਸੋ, ਅਲੱਾਹ ਤਿਆਲਾ ਮੁਸਲਮਾਨਾ ਨੂੰ ਇਹ ਨਸੀਹਤ ਕਰਦਾ ਹੈ ਕਿ ਇਬਾਦਤ ਦਾ ਹੱਕ ਪੂਰਾ ਕਰਨ ਲਈ ਸ਼ਿਰਕ (ਅਨੇਕ ਇਸ਼ਵਰਵਾਦ) ਤੋਂ ਬਚਣ ਲਈ ਨਮਾਜ਼ਾ ਨੂੰ ਕਾਇਮ ਕਰੋ, ਜ਼ਕਾਤ ਦਿਓ, ਰਸੂਲ ਦੀ ਆਗਿਆਕਾਰੀ ਕਰੋ, ਫਿਰ ਹੀ ਤੁਸੀਂ ਰੱਬ ਦੇ ਰਹਿਮ ਨੂੰ ਹਾਸਲ ਕਰ ਸਕਦੇ ਹੋ । ਰਸੂਲ ਦੀ ਆਗਿਆਕਾਰੀ ਵਿੱਚ ਇਹ ਗੱਲ ਵੀ ਚੇਤੇ ਰਖੱਣੀ ਚਾਹੀਦੀ ਹੈ, ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਸਾਨੂੰ ਆਖੀ ਕਿ ਜਿਸਨੇ ਮੇਰੇ ਨਿਯੁਕਤ ਕੀਤੇ ਅਮੀਰ (ਪ੍ਰਧਾਨ, ਆਗੂ) ਦੀ ਆਗਿਆਕਾਰੀ ਕੀਤੀ ਉਸ ਨੇ ਮੇਰੀ ਆਗਿਆਕਾਰੀ ਕੀਤੀ ਅਤੇ ਜਿਸ ਨੇ ਮੇਰੇ ਨਿਯੁਕਤ ਕੀਤੇ ਅਮੀਰ ਦੀ ਨਾਫ਼ਰਮਾਨੀ ਕੀਤੀ ਉਸ ਨੇ ਮੇਰੀ ਨਾਫ਼ਰਮਾਨੀ ਕੀਤੀ ਅਤੇ ਜੋ ਖ਼ਿਲਾਫ਼ਤ ਦਾ ਨਿਜ਼ਾਮ ਹੈ ਇਸ ਵਿੱਚ ਸਭ ਤੋਂ ਵਧੱਕੇ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਨਿਯੁਕਤ ਕੀਤਾ ਅਮੀਰ ਹੈ ਉਹ ਖ਼ਲੀਫ਼ਾ ਹੀ ਹੈ, ਇੱਥੇ ਉਹ ਖ਼ਿਲਾਫ਼ਤ ਭਾਵ ਹੈ ਜੋ 'ਮਿਨਹਾਜੇ ਨਬੁਵੱਤ' ਉਪੱਰ ਕਾਇਮ ਹੋਵੇ । ਇਹ ਖ਼ਿਲਾਫ਼ਤ ਇਸ ਸਮੇਂ ਕੇਵਲ ਜਮਾਤ ਅਹਮਦੀਆ ਵਿੱਚ ਪ੍ਰਚਲਿਤ ਹੈ ।

ਕਈ ਮੌਲਵੀ ਅਤੇ ਗੰਭੀਰ ਲੋਕ ਇਸ ਗੱਲ ਦਾ ਪ੍ਰਦਰਸ਼ਨ ਤਾਂ ਕਰਦੇ ਹਨ ਕਿ ਖ਼ਿਲਾਫ਼ਤ ਦਾ ਨਿਜ਼ਾਮ ਹੋਣਾ ਚਾਹੀਦਾ ਹੈ ਪਰ ਜੱਦ ਆਖੋ ਕਿ ਰੱਬ ਨੇ ਜੋ ਨਿਜ਼ਾਮ ਕਾਇਮ ਕੀਤਾ ਹੋਇਆ ਹੈ ਉਸ ਨੂੰ ਮੰਨੋ ਤਾਂ ਮੰਨ੍ਹਣ ਲਈ ਤਿਆਰ ਨਹੀਂ, ਸਗੋਂ ਵਿਰੋਧਤਾ ਵਿੱਚ ਵਧੇ ਹੋਏ ਹਨ । ਇਸ ਵਿਰੋਧਤਾ ਦੀ ਤਾਜ਼ਾ ਘਟਨਾ ਦੋ ਦਿਨ ਪਹਿਲਾਂ ਹੋਈ ਸਿਆਲਕੋਟ ਵਿੱਚ ਸਾਡੀ ਮਸਜਿਦ ਵਿੱਚ ਹੋਇਆ । ਮਸਜਿਦ ਅਤੇ ਉਸ ਨਾਲ ਜੋ ਘਰ ਸੀ, ਪੁਲਿਸ ਤੇ ਪ੍ਰਬੰਧਕਾਂ ਦੋਹਾਂ ਦੀ ਅਗਵਾਈ ਵਿੱਚ ਮੌਲਵੀਆਂ ਅਤੇ ਉਹਨਾਂ ਦੇ ਕੁਝ ਸੈਂਕੜੇ ਚੇਲਿਆਂ ਨੇ ਉਸ ਉਪੱਰ ਹਮਲਾ ਕੀਤਾ ਅਤੇ ਤੋੜ ਫੋੜ ਕੀਤ ਅਤੇ ਇਹ ਐਲਾਨ ਕਰ ਰਹੇ ਹਨ ਕਿ ਹੋਰਨਾ ਮਸਜਿਦਾਂ ਨੂੰ ਵੀ ਅਸੀਂ ਭੰਨਾਗੇ ਅਤੇ ਡਿਗਾਉਣਗੇ । ਜੱਦ ਤੱਕ ਇਹ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਭਵਿੱਖਬਾਣੀ ਅਨੁਸਾਰ ਕਾਇਮ ਹੋਣ ਵਾਲੀ ਖ਼ਿਲਾਫ਼ਤ ਨੂੰ ਨਹੀਂ ਮੰਨ੍ਹਣਗੇ ਇਹ ਅਜਿਹੀਆਂ ਹਰਕਤਾਂ ਕਰਦੇ ਰਹਿਣਗੇ ਅਤੇ ਇਹਨਾਂ ਤੋਂ ਕਿਸੇ ਵੀ ਪ੍ਰਕਾਰ ਦੀ ਚੰਗਿਆਈ ਦੀ ਆਸ ਨਹੀਂ ਕੀਤੀ ਜਾ ਸਕਦੀ । ਜਿੱਥੋਂ ਤੱਕ ਸਾਡੀਆਂ ਭਾਵਨਾਵਂ ਦਾ ਸੰਬੰਧ ਹੈ ਕਿ ਇਹਨਾਂ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜ਼ਮਾਨੇ ਦੀ ਇਕ ਯਾਦਗਾਰ ਨੂੰ ਹਾਣ ਪਹੁੰਚਾਇਆ ਹੈ ਅਤੇ ਸਰਕਾਰ ਨੇ ਆਪਣੇ ਕਬਜ਼ੇ ਵਿੱਚ ਲਿਆ ਹੋਇਆ ਹੈ ਤਾਂ ਸਾਡਾ ਤਾਂ ਹਮੇਸ਼ਾਂ ਵਾਂਗ ਇਹੋ ਉਤੱਰ ਹੈ ਅਤੇ ਹੋਣਾ ਚਾਹੀਦਾ ਹੈ ਕਿ إِنَّمَآ أَشْكُوا۟ بَثِّى وَحُزْنِىٓ إِلَى ٱللَّهِ ਕਿ ਮੈਂ ਤਾਂ ਆਪਣੇ ਗ਼ਮ ਤੇ ਦੁੱਖ ਦੀ ਫ਼ਰਿਆਦ ਰੱਬ ਦੀ ਹਜ਼ੂਰੀ ਵਿੱਚ

ਪੇਸ਼ ਕਰਦਾ ਹਾਂ । ਬੇਸ਼ਕ ਇਸ ਨਾਲ ਸਾਡਾ ਸੰਬੰਧ ਭਾਵਨਾਤਮਕ ਹੈ ਪਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਅਤਿ ਉੱਤਮ ਸੰਬੰਧ ਦਾ ਪ੍ਰਦਰਸ਼ਨ ਕੇਵਲ ਇਮਾਰਤਾਂ ਦੀ ਸੁਰੱਖਿਆ ਨਾਲ ਨਹੀਂ ਸਗੋਂ ਆਪ ਦੀ ਸਿੱਖਿਆ ਉਪੱਰ ਅਮਲ ਕਰਨ ਨਾਲ ਹੈ ਆਪ ਦੇ ਬਾਦ ਖ਼ਿਲਾਫ਼ਤ ਦੇ ਨਿਜ਼ਾਮ ਨਾਲ ਜੁੜਨ ਨਾਲ ਹੈ । ਇਹਨਾਂ ਚੀਜ਼ਾਂ ਦੀ ਪ੍ਰਾਪਤੀ ਨਾਲ ਜੋ ਰੱਬ ਨੇ ਖ਼ਿਲਾਫ਼ਤ ਦੇ ਉਪਹਾਰ ਨਾਲ ਲਾਭ ਉਠਾਉਣ ਲਈ ਦੱਸੀਆਂ ਹਨ । ਆਪਣੀਆਂ ਇਬਾਦਤਾਂ ਦੇ ਮਿਆਰ ਉੱਚੇ ਕਰਨ ਨਾਲ ਹੈ, ਰੱਬ ਦੇ ਆਦੇਸ਼ਾਂ ਉਪੱਰ ਅਮਲ ਕਰਨ ਨਾਲ ਹੈ । ਆਪਣੀ ਅਗਿਆਕਾਰੀ ਦੇ ਮਿਆਰ ਨੂੰ ਵਧਾਉਣ ਨਾਲ ਹੈ । ਸੋ, ਇਸੇ ਲਈ ਜਤਨ ਕਰਨਾ ਚਾਹੀਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਕਿਸੇ ਨੇ ਪ੍ਰਸ਼ਨ ਕੀਤਾ ਕਿ ਖ਼ਲੀਫ਼ਾ ਦੇ ਆਉਣ ਤੋਂ ਕੀ ਮੁਰਾਦ ਹੁੰਦਾ ਹੈ ਅਤੇ ਕੀ ਉਦੇਸ਼ ਹੁੰਦਾ ਹੈ ? ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜੋ ਉੱਤਰ ਦਿਤੱਾ ਉਹ ਹਮੇਸ਼ਾ ਸਾਡੇ ਸਾਹਮਣੇ ਰਹਿਣਾ ਚਾਹੀਦਾ ਹੈ । ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਸੁਧਾਰ । ਫ਼ਰਮਾਇਆ ਕਿ ਰੱਬ ਦੀ ਅਰੰਭ ਤੋਂ ਇਹੋ ਮਰਿਯਾਦਾ ਚਲੀ ਆਉਂਦੀ ਹੈ ਕਿ ਇਕ ਸਮਾਂ ਲੰਘਣ ਦੇ ਬਾਦ ਜੱਦ ਪਹਿਲੇ ਨਬੀ ਦੀ ਸਿੱਖਿਆ ਨੂੰ ਲੋਕ ਭੁਲੱਕੇ ਸੁਮਾਰਗ, ਇਮਾਨ ਦੇ ਧੰਨ ਅਤੇ ਨੂਰ ਦੇ ਮਆਰਫ਼ਤ ਨੂੰ ਗੁਆ ਬਹਿੰਦੇ ਹਨ ਅਤੇ ਦੁਨੀਆ ਵਿੱਚ ਜ਼ੁਲਮ, ਅਤਿਆਚਾਰ, ਗੁਮਰਾਹੀ, ਝਗੜੇ ਤੇ ਫ਼ਸਾਦਾਂ ਦਾ ਚਾਰੇ ਪਾਸੇ ਖ਼ਤਰਨਾਕ ਅੰਧਕਾਰ ਛਾ ਜਾਂਦਾ ਹੈ ਤਾਂ ਰੱਬ ਦੀਆਂ ਸਿਫ਼ਤਾਂ ਜੋਸ਼ ਮਾਰਦੀਆਂ ਹਨ ਅਤੇ ਇਕ ਮਹਾਨਤਮ ਮਨੁੱਖ ਰਾਹੀਂ ਨਵੇਂ ਸਿਰਿਓਂ ਦੁਨੀਆ ਵਿੱਚ ਰੱਬ ਮਆਰਫ਼ਤ ਕਾਇਮ ਕਰਕੇ ਅਪਣੇ ਵੁਜੂਦ ਦੇ ਖੁਲੱਮ ਖੁੱਲੇ ਹਜ਼ਾਰਾਂ ਹੀ ਨਿਸ਼ਾਨ ਦਿਖਾਏ ਜਾਂਦੇ ਹਨ । ਸੋ, ਮੁਸਲਮਾਨਾਂ ਵਿੱਚ ਵੀ ਇਮਾਨ ਗੁੰਮ ਹੋਇਆ ਹੋਇਆ ਹੈ ਅਤੇ ਗ਼ੈਰ ਮੁਸਲਮਾਨਾਂ ਵਿੱਚ ਵੀ । ਇਸ ਲਈ ਇਸ ਜ਼ਮਾਨੇ ਵਿੱਚ ਰੱਬ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਭਵਿੱਖਬਾਣੀ ਅਨੁਸਾਰ 'ਖ਼ਾਤਾਮੁਲ ਖ਼ੁਲਫ਼ਾ' ਨੂੰ ਭੇਜਿਆ । ਆਪ ਨੇ ਫ਼ਰਮਾਇਆ, ਇਸੇ ਅਰੰਭਕ ਮਰਿਯਾਦਾ ਅਨੁਸਾਰ ਸਾਡਾ ਇਹ 'ਸਿਲਸਿਲਾ' (ਜਮਾਤ) ਕਾਇਮ ਹੋਇਆ ਹੈ ਕਿ ਰੱਬ ਦੇ ਵੁਜੂਦ ਦੇ ਖ਼ੁਲੱਮ ਖੁੱਲੇ ਪ੍ਰਮਾਣ ਪੇਸ਼ ਕੀਤੇ ਜਾਣ 'ਤੌਹੀਦ' (ਇਕ ਈਸ਼ਵਰਵਾਦ) ਨੂੰ ਦੁਬਾਰਾ ਕਾਇਮ ਕੀਤਾ ਜਾਏ । ਚੰਗੇ ਆਚਰਣਾ ਨੂੰ ਨਵੇਂ ਸਿਰਿਓਂ ਸਾਥਾਪਤ ਕੀਤਾ ਜਾਏ । ਅਸੀਂ ਦੇਖਦੇ ਹਾਂ ਕਿ ਮੁਸਲਮਾਨਾਂ ਵਿੱਚੋਂ ਬਹੁਤਿਆਂ ਦੀ ਕਰਮ ਰੂਪੀ ਹਾਲਤ ਕਮਜ਼ੋਰ ਹੈ । ਕਬਰਾਂ ਦੀ ਪੂਜਾ, ਸ਼ਿਰਕ (ਅਨੇਕ ਈਸ਼ਵਰਵਾਦ) ਅਤੇ ਕੁਰੀਤੀਆਂ ਵਿੱਚ ਗ੍ਰਿੱਸੇ ਹੋਏ ਹਨ । ਝਗੜੇ ਫ਼ਸਾਦ ਸਾਧਾਰਣ ਜਿਹੀ ਗੱਲ ਹੈ, ਪਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਅੰਤਮ ਵਾਕ ਜਿਵੇਂ ਕਿ ਮੈਂ ਪਹਿਲਾਂ ਕਿਹਾ ਕਿ ਹਰ ਸਮੇਂ ਜਾਗ੍ਰਤ ਰਖੱਣ ਵਾਲਾ ਹੋਣਾ ਚਾਹੀਦਾ ਹੈ ਕਿ ਉਸ ਅਰੰਭਕ ਮਰਿਯਾਦਾ ਅਨੁਸਾਰ ਸਾਡੀ ਇਹ ਜਮਾਤ ਸਾਥਾਪਤ ਹੋਈ ਕਿ ਜੱਦ ਦੁਨੀਆ ਵਿੱਚ ਹਰ ਪਾਸੇ ਝਗੜੇ ਫ਼ਸਾਦ ਫ਼ੈਲ ਜਾਂਦੇ ਹਨ, ਚੰਗੇ ਆਚਰਣਾ ਦਾ ਖ਼ਾਤਮਾ ਹੋ ਜਾਂਦਾ ਹੈ ਤਾਂ ਉਸ ਸਮੇਂ ਰੱਬ ਆਪਣੇ ਪਿਆਰੇ ਨੂੰ ਭੇਜਦਾ ਹੈ ਅਤੇ ਫਿਰ ਨਵੇਂ ਸਿਰਿਓਂ ਧਰਮ ਦਾ ਨਵੀਨੀਕਰਣ ਹੁੰਦਾ ਹੈ । ਸੋ, ਜੇਕਰ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨ੍ਹਕੇ ਆਪਣੇ ਅੰਦਰ ਪਰਿਵਰਤਨ ਪੈਦਾ ਨਹੀਂ ਕਰ ਰਹੇ ਤਾਂ ਫਿਰ ਬਹੁਤ ਹੀ ਚਿੰਤਾ ਯੋਗ ਗੱਲ ਹੈ । ਸਾਨੂੰ ਹਰ ਸਮੇਂ ਆਪਣਾ ਜਾਇਜ਼ਾ ਲੈਂਦੇ ਰਹਿਣਾ ਚਾਹੀਦਾ ਹੈ ਕਿ ਰੱਬ ਨੇ ਖ਼ਿਲਾਫ਼ਤ ਦੇ ਨਾਲ ਜੁੜੇ ਉਪਹਾਰਾਂ ਦੀ ਪ੍ਰਾਪਤੀ ਲਈ ਜਿੰਨ੍ਹਾ ਗੱਲਾਂ ਅਤੇ ਜਿੰਨ੍ਹਾ ਕਾਰਜਾਂ ਦੇ ਕਰਨ ਦੀ ਨਸੀਹਤ ਕੀਤੀ ਹੈ ਉਸ ਅਨੁਸਾਰ ਅਸੀਂ ਆਪਣੇ ਜੀਵਨ ਨੂੰ ਢਾਲਣ ਦਾ ਜਤਨ ਕਰ ਰਹੇ ਹਾਂ ਜਾਂ ਨਹੀਂ । ਇਹ ਦੇਖਣਾ ਹੈ ਕਿ ਸਾਡੀਆਂ ਇਬਾਦਤਾਂ ਕਿਹੋ ਜਿਹੀਆਂ ਹਨ, ਸਾਡੀਆਂ ਨਮਾਜ਼ਾਂ ਦੇ ਕਯਾਮ (ਪੜ੍ਹਨ ਦੇ ਢੰਗ) ਕਿਹੋ ਜਿਹੇ ਹਨ, ਸਾਡਾ ਹਰ ਕਥਨ, ਹਰ ਕਰਮ ਸ਼ਿਰਕ ਤੋਂ ਪਾਕ ਹੈ ਜਾਂ ਨਹੀਂ । ਸਾਡੀ ਆਰਥਕ ਕੁਰਬਾਨੀਆਂ ਦੇ ਮਿਆਰ ਕੀ ਹਨ, ਸਾਡੀ ਆਗਿਆਕਾਰੀ ਦੇ ਮਿਆਰ ਕੀ ਹਨ ? ਕੀ ਰੱਬ ਅਤੇ ਉਸ ਦੇ ਰਸੂਲ ਸਲਲੱਾਹੁ ਅਲੈਹਿ ਵਸਲਮ ਜਿਵੇਂ ਚਾਹੁੰਦੇ ਹਨ ਅਸੀਂ ਉਹਨਾਂ ਮਿਆਰਾਂ ਨੂੰ ਹਾਸਲ ਕਰਨ ਵਾਲੇ ਹਨ ਜਾਂ ਨਹੀਂ ਅਤੇ ਫਿਰ ਇਸ ਜੁੱਗ ਵਿੱਚ ਹਜ਼ਰਤ

ਮਸੀਹ ਮੌਊਦ ਅਲੈਹਿ ਸਲਾਮ ਨੇ ਜਿਸ ਮਿਆਰ'ਤੇ ਆਪਣੀ ਜਮਾਤ ਦੇ ਮੰਨ੍ਹਣ ਵਾਲਿਆਂ ਨੂੰ ਦੇਖਣਾ ਚਾਹੁੰਦੇ ਹਨ ਅਸੀਂ ਉਸ ਤੱਕ ਪਹੁੰਚਣ ਦਾ ਜਤਨ ਕਰ ਰਹੇ ਹਨ ਜਾਂ ਨਹੀਂ । ਇਬਾਦਤਾਂ ਅਤੇ ਨਮਾਜ਼ਾਂ ਦੀ ਮਹਤੱਾ ਬਾਰੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਫ਼ਰਮਾਨ ਹੈ ਕਿ ਕਯਾਮਤ ਦੇ ਦਿਨ ਸਭ ਤੋਂ ਪਹਿਲਾਂ ਜਿਸ ਚੀਜ਼ ਦਾ ਹਿਸਾਬ ਲਿਆ ਜਾਏਗਾ ਉਹ ਨਮਾਜ਼ ਹੈ । ਜੇਕਰ ਇਹ ਹਿਸਾਬ ਠੀਕ ਰਿਹਾ ਤਾਂ ਉਹ ਸਫ਼ਲ ਹੋ ਗਿਆ ਅਤੇ ਉਸ ਨੇ ਮੁਕਤੀ ਪਾ ਲਈ ਅਤੇ ਜੇਕਰ ਇਹ ਹਿਸਾਬ ਖ਼ਰਾਬ ਹੋਇਆ ਤਾਂ ਉਹ ਅਸਫ਼ਲ ਹੋ ਗਿਆ ਅਤੇ ਘਾਟੇ ਵਿੱਚ ਰਿਹਾ ।

ਹਜ਼ਰਤ ਜਾਬਰ ਰਜ਼ੀ ਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਮੈਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਇਹ ਫ਼ਰਮਾਉਂਦਿਆਂ ਹੋਇਆਂ ਸੁਣਿਆ ਕਿ ਨਮਾਜ਼ ਛਡੱਣਾ ਮਨੁੱਖ ਨੂੰ ਸ਼ਿਰਕ ਅਤੇ ਕੁਫ਼ਰ ਦੇ ਨੇੜੇ ਕਰ ਦਿੰਦਾ ਹੈ । ਸੋ, ਇਹ ਬਹੁਤ ਹੀ ਖ਼ੌਫ਼ ਦਾ ਸਥਾਨ ਹੈ । ਸ਼ਿਰਕ ਇਕ ਅਜਿਹਾ ਜੁਰਮ ਹੈ ਜੋ ਰੱਬ ਨੂੰ ਅਤਿਅੰਤ ਨਾਪਸੰਦ ਹੈ । ਸ਼ਿਰਕ ਰੱਬ ਖਿਮਾ ਨਹੀਂ ਕਰਦਾ । ਕੀ ਅਸੀਂ ਅਜਿਹੇ ਜੁਰਮ ਦੇ ਭਾਗੀ ਹੋਕੇ ਰੱਬ ਦੇ ਉਪਹਾਰ ਖ਼ਿਲਾਫ਼ਤ ਤੋਂ ਲਾਹੇਵੰਦ ਹੋ ਸਕਦੇ ਹਾਂ, ਉਕੱ ਹੀ ਨਹੀਂ, ਨਮਾਜ਼ ਕਿਹੋ ਜਿਹੀ ਹੋਣੀ ਚਾਹੀਦੀ ਹੈ, ਇਸ ਦੀ ਵਾਸਤਵਿਕਤਾ ਅਤੇ ਆਤਮਕਤਾ ਦੇ ਮਿਆਰ ਕੀ ਹਨ, ਇਸ ਗੱਲ ਨੂੰ ਵਰਨਣ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਕਈ ਲੋਕ ਮਸਜਿਦਾਂ ਵਿੱਚ ਵੀ ਜਾਂਦੇ ਹਨ, ਨਮਾਜ਼ਾਂ ਵੀ ਪੜ੍ਹਦੇ ਹਨ ਅਤੇ ਦੂਜੇ ਅਰਕਾਨ ਵੀ ਪੂਰੇ ਕਰਦੇ ਹਨ, ਪਰ ਰੱਬ ਦੀ ਸਹਾਇਤਾ ਅਤੇ ਮਦਦ ਉਹਨਾਂ ਦੇ ਨਾਲ ਨਹੀਂ ਹੁੰਦੀ ਅਤੇ ਉਹਨਾਂ ਦੇ ਆਚਰਣ ਅਤੇ ਆਦਤਾਂ ਵਿੱਚ ਕੋਈ ਪ੍ਰਤਖ ਪਰਿਵਰਤਨ ਦਿਖਾਈ ਨਹੀਂ ਦਿੰਦਾ । ਕਿਉਂਕਿ ਇਲਾਹੀ ਆਦੇਸ਼ਾਂ ਦਾ ਬਜਾ ਲਿਆਉਣਾ ਇਕ ਬੀਜ ਵਾਂਗ ਹੁੰਦਾ ਹੈ, ਜਿਸਦਾ ਪ੍ਰਭਾਵ ਆਤਮਾ ਤੇ ਸ਼ਰੀਰ ਦੋਹਾਂ ਉਪੱਰ ਹੁੰਦਾ ਹੈ । ਇਕ ਵਿਅਕਤੀ ਜੋ ਖੇਤਾਂ ਦੀ ਸੀਂਚਾਈ ਕਰਦਾ ਹੈ ਅਤੇ ਬਹੁਤ ਮਿਹਨਤ ਨਾਲ ਉਸ ਵਿੱਚ ਬੀ ਬੀਜਦਾ ਹੈ ਜੇਕਰ ਇਕ ਦੋ ਮਹੀਨਿ ਵਿੱਚ ਉਸ ਵਿੱਚੋਂ ਪੁੰਗਰਾਹਟ ਨਿਕਲੇ ਹੀ ਨ ਤਾਂ ਮੰਨ੍ਹਣਾ ਪੈਂਦਾ ਹੈ ਕਿ ਬੀ ਖ਼ਰਾਬ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇਹ ਉਹ ਨੁਕਤਾ ਹੈ ਜਿਸ ਨੂੰ ਹਮੇਸ਼ਾ ਸਾਹਮਣੇ ਰਖੱਣਾ ਚਾਹੀਦਾ ਹੈ ਕਿ ਆਪਣੀਆਂ ਇਬਾਦਤਾਂ ਅਤੇ ਆਪਣੇ ਆਚਰਣ ਦੇ ਤੌਰ ਤਰੀਕਿਆਂ ਦੀ ਬਿਹਤਰੀ ਦੇ ਮਿਆਰ ਰਾਹੀਂ ਰੱਬ ਦੀ ਨੇੜਤਾ ਨੂੰ ਪਛਾਣੋ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਮਾਜ਼ ਦੀ ਹਕੀਕਤ ਵਰਨਣ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ : ਨਮਾਜ਼ ਕੀ ਚੀਜ਼ ਹੈ, ਉਹ ਦੁਆ ਹੈ ਜੋ ਸਿਮਰਣ, ਉਸਤਤੀ, ਪਵਿਤੱਰਤਾ ਅਤੇ ਖਿਮਾ ਯਾਚਨਾ ਰਾਹੀਂ ਦੁਰੂਦ ਦੇ ਨਾਲ ਅਤਿਅੰਤ ਪੀੜ੍ਹਾ, ਦੁੱਖ, ਦਰਦ ਤੇ ਗੰਭੀਰਤਾ ਨਾਲ ਮੰਗੀ ਜਾਂਦੀ ਹੈ । ਜੱਦ ਤੁਸੀਂ ਨਮਾਜ਼ ਪੜ੍ਹੋ ਤਾਂ ਸਿਵਾਏ ਕੁਰਆਨ ਕਾਰੀਮ ਦੇ ਜੋ ਰੱਬ ਦਾ ਕਲਾਮ ਹੈ ਅਤੇ ਸਿਵਾਏ ਉਹਨਾਂ ਦੁਆਵਾਂ ਦੇ ਜੋ ਹਜ਼ਰਤ ਮਹਮੱਦ ਸਲਲੱਾਹੁ ਅਲੈਅਹਿ ਵਸਲਮ ਦਾ ਕਲਾਮ ਹੈ ਬਾਕੀ ਸਾਰੀਆਂ ਦੁਆਵਾਂ ਆਪਣੀ ਭਾਸ਼ਾਂ ਵਿੱਚ ਗੰਭੀਰ ਸ਼ਬਦਾਂ ਵਿੱਚ ਵਿਲਕਦਿਆਂ ਹੋਇਆਂ ਪੜ੍ਹਿਆ ਕਰੋ ਤਾਂ ਜੋ ਤੁਹਾਡੇ ਦਿਲਾਂ ਉਪੱਰ ਇਸ ਵਿਨਮ੍ਰਤਾ ਦਾ ਕੁਝ ਪ੍ਰਭਾਵ ਹੋਵੇ । ਫਿਰ ਆਪ ਫ਼ਰਮਾਉਂਦੇ ਹਨ ਨਮਾਜ਼ ਅਜਿਹੀ ਸ਼ੈਅ ਹੈ ਕਿ ਇਸ ਰਾਹੀਂ ਅਕਾਸ਼ ਮਨੁੱਖ ਉਪੱਰ ਝੁੱਕ ਜਾਂਦਾ ਹੈ । ਨਮਾਜ਼ ਦਾ ਹੱਕ ਪੂਰਾ ਕਰਨ ਵਾਲਾ ਇਹ ਵਿਚਾਰ ਕਰਦਾ ਹੈ ਕਿ ਮੈਂ ਮਰ ਗਿਆ ਅਤੇ ਉਸ ਦੀ ਆਤਮਾ ਵਿਲੀਨ ਹੋਕੇ ਰੱਬ ਦੇ ਦਰ'ਤੇ ਢਹਿ ਪੈਂਦੀ ਹੈ ਜਿਸ ਘਰ ਵਿੱਚ ਇਕ ਪ੍ਰਕਾਰ ਦੀ ਨਮਾਜ਼ ਹੋਵੇਗੀ ਉਹ ਘਰ ਕਦੇ ਵੀ ਤਬਾਹ ਨਹੀਂ ਹੋਵੇਗਾ ।

ਫਿਰ ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਸ਼ਿਰਕ ਤੋਂ ਬਚੋ । ਇਸ ਬਾਰੇ ਇਕ ਰਿਵਾਇਤ ਵਿੱਚ ਆਉਂਦਾ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਆਪਣੀ ਉਮੱਤ ਵਿੱਚ ਸ਼ਿਰਕ (ਅਨੇਕ ਈਸ਼ਵਰਵਾਦ) ਦਾ

ਖ਼ਦਸ਼ਾ ਸੀ । ਰੱਬ ਨੇ ਕੁਰਆਨ ਕਰੀਮ ਵਿੱਚ ਫ਼ਰਮਾਇਆ ਹੈ ਕਿ وَيَغْفِرُ مَا دُوْنَ ذٰلِكَ ਅਰਥਾਤ ਹਰ ਇਕ ਗੁਨਾਹ (ਪਾਪ) ਦੀ ਮੁਆਫ਼ੀ ਹੋਵੇਗੀ, ਪਰ ਸ਼ਿਰਕ ਨੂੰ ਰੱਬ ਨਹੀਂ ਬਖ਼ਸ਼ੇਗਾ । ਸੋ, ਸ਼ਿਰਕ ਦੇ ਨੇੜੇ ਵੀ ਨ ਜਾਓ ਅਤੇ ਉਸ ਨੂੰ ਮਨਾਹੀ ਦਾ ਰੁੱਖ ਸਮਝੋ । ਫ਼ਰਮਾਇਆ : ਤੌਹੀਦ (ਇਕ ਈਸ਼ਵਰਵਾਦ) ਕੇਵਲ ਇਸ ਗੱਲ ਦਾ ਨਾਂ ਨਹੀਂ ਕਿ ਮੂੰਹੋਂ لا اله الا الله ਆਖ ਦਿੱਤਾ ਅਤੇ ਦਿਲ ਵਿੱਚ ਹਜ਼ਾਰਾਂ ਹੀ ਬੁੱਤ ਜਮਾਂ ਹੋਣ, ਸਗੋਂ ਜੋ ਵਿਅਕਤੀ ਆਪਣੇ ਕਿਸੇ ਕੰਮ ਅਤੇ ਮਕਰ ਫ਼ਰੇਬ ਅਤੇ ਜਤਨਾਂ ਨੂੰ ਰੱਬ ਜਿਹਾ ਸਨਮਾਨ ਦਿੰਦਾ ਹੈ ਜਾਂ ਕਿਸੇ ਮਨੁੱਖ ਉਪੱਰ ਭਰੋਸਾ ਰਖੱਦਾ ਹੈ ਜੋ ਰੱਬ ਉਪੱਰ ਰਖੱਣਾ ਚਾਹੀਦਾ ਹੈ ਜਾਂ ਕਿਸੇ ਆਪਣੇ ਨਫ਼ਸ ਨੂੰ ਉਹ ਸਨਮਾਨ ਦਿੰਦਾ ਹੈ ਜੋ ਰੱਬ ਨੂੰ ਦੇਣਾ ਚਾਹੀਦਾ ਹੈ, ਇਹਨਾ ਅਵਸਥਾਵਾਂ ਵਿੱਚ ਉਹ ਰੱਬ ਨੇੜੇ ਬੁੱਤ ਪ੍ਰਸਤ ਹੈ । ਫਿਰ ਖ਼ਿਲਾਫ਼ਤ ਦਾ ਉਪਹਾਰ ਪਾਉਣ ਵਾਲਿਆਂ ਲਈ ਜ਼ਕਾਤ ਅਤੇ ਆਰਥਕ ਕੁਰਬਾਨੀ ਨੂੰ ਜ਼ਰੂਰੀ ਕਰਾਰ ਦਿੱਤਾ ਹੈ । ਹਦੀਸ ਵਿੱਚ ਆਉਂਦਾ ਹੈ, ਹਜ਼ਰਤ ਇਬਨੇ ਮਸਊਦ ਰਜ਼ੀ ਅਲੱਹਤ ਅਨਹੁ ਵਰਨਣ ਕਰਦੇ ਹਨ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਦੋ ਵਿਅਕਤੀਆਂ ਤੋਂ ਬਿਨਾ ਕਿਸੇ ਉਪੱਰ ਈਰਖਾ ਨਹੀਂ ਕਰਨੀ ਚਾਹੀਦੀ, ਇਕ ਉਹ ਵਿਅਕਤੀ ਜਿਸ ਨੂੰ ਰੱਬ ਨੇ ਮਾਲ (ਧੰਨ) ਦਿੱਤਾ ਅਤੇ ਉਸ ਨੇ ਉਸ ਨੂੰ ਸੁਮਾਰਗ ਵਿੱਚ ਖਰਚ ਕਰ ਦਿੱਤਾ ਦੂਜਾ ਉਹ ਵਿਅਕਤੀ ਜਿਸ ਨੂੰ ਰੱਬ ਨੇ ਸਮਝ, ਦਾਨਾਈ, ਗਿਆਨ ਤੇ ਯੁਕਤੀ ਪ੍ਰਦਾਨ ਕੀਤੀ ਜਿਸ ਦੀ ਮਦਦ ਨਾਲ ਉਹ ਲੋਕਾਂ ਦੇ ਫ਼ੈਸਲੇ ਕਰਦਾ ਹੈ ਅਤੇ ਲੋਕਾਂ ਨੂੰ ਸਿਖਾਉਂਦਾ ਵੀ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਮਾਜ਼ਾਂ ਦੇ ਹੱਕ ਪੂਰੇ ਕਰਨ ਅਤੇ ਜ਼ਕਾਤ ਦੇਣ ਬਾਰੇ ਆਪਸੀ ਸੰਬੰਧਾ ਨੂੰ ਵਰਨਣ ਕਾਦਿਆਂ ਹੋਇਆਂ ਫ਼ਰਮਾਉਂਦੇ ਹਨ : ਲੋਕ ਆਪਣੀਆਂ ਨਮਾਜ਼ਾਂ ਵਿੱਚ ਗੰਭੀਰਤਾ ਨਾਲ ਵਿਨਮ੍ਰਤਾ ਕਰਦੇ ਹਨ ਤਾਂ ਉਸ ਦਾ ਲਾਜ਼ਮੀ ਸਿਟੱਾ ਹੁੰਦਾ ਹੈ ਕਿ ਸੁਭਾਵਕ ਹੀ ਉਹ ਵਿਅਰਥ ਗਲੱਾਂ ਤੋਂ ਗੁਰੇਜ਼ ਕਰਦੇ ਹਨ ਅਤੇ ਇਸ ਗੰਦੀ ਦੁਨੀਆ ਤੋਂ ਮੁਕਤੀ ਪਾ ਜਾਂਦੇ ਹਨ ਅਤੇ ਇਸ ਦੁਨੀਆ ਦਾ ਪ੍ਰੇਮ ਢੰਡਾ ਹੋਕੇ ਰੱਬ ਦਾ ਪ੍ਰੇਮ ਉਹਨਾਂ ਵਿੱਚ ਪੈਦਾ ਹੁੰਦਾ ਹੋ ਜਾਂਦਾ ਹੈ ਜਿਸ ਦਾ ਸਿਟੱਾ ਇਹ ਹੁੰਦਾ ਹੈ ਕਿ هُمْ لِلزَّكٰوةِ فٰعِلُوْنَ ਅਰਥਾਤ ਫਿਰ ਉਹ ਰੱਬ ਦੇ ਮਾਰਗ ਵਿੱਚ ਖਰਚ ਕਰਦੇ ਹਨ । ਸੋ, ਨਮਾਜ਼ਾਂ ਧਿਆਨ ਦੁਆਦੀਆਂ ਹਨ ਵਿਅਰਥ ਗਲੱਾਂ ਤੋਂ ਗੁਰੇਜ਼ ਕਰਨ ਵੱਲ ਅਤੇ ਵਿਅਰਥ ਗਲੱਾਂ ਤੋਂ ਪਰਹੇਜ਼ ਫਿਰ ਰੱਬ ਦੇ ਆਦੇਸ਼ਾਂ ਨੂੰ ਬਜਾ ਲਿਆਉਣ ਵੱਲ ਲੈ ਜਾਂਦਾ ਹੈ ਅਤੇ ਫਿਰ ਇਸ ਵੱਲ ਧਿਆਨ ਪੈਦਾ ਹੋ ਜਾਂਦਾ ਹੈ ਕਿ ਆਪਣੇ ਮਾਲ ਨੂੰ ਨਜਾਇਜ਼ ਥਾਂ'ਤੇ ਖਰਚ ਕਰਨ ਦੀ ਥਾਂ ਰੱਬ ਦੇ ਮਾਰਗ ਵਿੱਚ ਖਰਚ ਕਰਨ । ਆਪ ਨੇ ਇਸ ਤੋਂ ਇਹ ਵੀ ਸਿਟੱਾ ਕੱਢਿਆ ਕਿ ਰੱਬ ਦੇ ਮਾਰਗ ਵਿੱਚ ਮਾਲ ਖਰਚ ਕਰਨਾ ਅਨੇਕਾਂ ਵਿਅਰਥ ਗਲੱਾਂ ਤੋਂ ਮਨੁੱਖ ਨੂੰ ਬਚਾ ਲੈਂਦਾ ਹੈ । ਫਿਰ ਰੱਬ ਨੇ ਖ਼ਿਲਾਫ਼ਤ ਦਾ ਉਪਹਾਰ ਪਾਉਣ ਵਾਲਿਆਂ ਨੂੰ ਇਹ ਨਸੀਹਤ ਕੀਤੀ ਕਿ ਉਹ ਆਗਿਆਕਾਰੀ ਦੀ ਮਿਆਰਾਂ ਨੂੰ ਵੀ ਉਚੱਾ ਚੁਕੱਣ । ਇਕ ਹਦੀਸ ਵਿੱਚ ਆਉਂਦਾ ਹੈ । ਹਜ਼ਰਤ ਇਬਾਦਹ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਹੈ ਕਿ ਅਸੀਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਬੈਅਤ ਇਸ ਨੁਕਤੇ ਕਰਕੇ ਕੀਤੀ ਕਿ ਸੁਣਾਗੇ ਅਤੇ ਆਗਿਆਕਾਰੀ ਕਰਾਂਗੇ, ਭਾਵੇਂ ਸਾਨੂੰ ਪਸੰਦ ਆਵੇ ਜਾਂ ਨਾ ਪਸੰਦ ਆਵੇ, ਅਤੇ ਇਹ ਕਿ ਅਸੀਂ ਜਿੱਥੇ ਕਿਤੇ ਵੀ ਹੋਈਏ ਕਿਸੇ ਕੰਮ ਦੇ ਹਕੱਦਾਰ ਤੋਂ ਝਗੜਾ ਨਹੀਂ ਕਰਾਂਗੇ, ਸਚੱਾਈ ਉਪੱਰ ਸਿਥਿਰ ਰਹਾਂਗੇ ਜਾਂ ਸੱਚੀ ਗੱਲ ਹੀ ਕਹਾਂਗੇ ਅਤੇ ਰੱਬ ਦੇ ਮਾਮਲੇ ਵਿੱਚ ਕਿਸੇ ਮਲਾਮਤ ਕਰਨ ਵਾਲੇ ਦੀ ਮਲਾਮਤ ਤੋਂ ਨਹੀਂ ਡਰਾਂਗੇ ।

ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਅਲੱਾਹ ਅਤੇ ਉਸ ਦੇ ਰਸੂਲ ਅਤੇ ਫ਼ਰਿਸ਼ਤਿਆਂ ਦੀ ਆਗਿਆਕਾਰੀ ਧਾਰਨ ਕਰੋ । ਆਗਿਆਕਾਰੀ ਇਕ ਅਜਿਹੀ ਚੀਜ਼ ਹੈ ਕਿ ਜੇਕਰ ਸੱਚੇ ਮਨ ਨਾਲ ਧਾਰਨ ਕੀਤੀ ਜਾਵੇ ਤਾਂ ਦਿਲ ਵਿੱਚ ਇਕ ਨੂਰ ਅਤੇ ਆਤਮਾ ਵਿੱਚ ਇਕ ਆਨੰਦ ਅਤੇ ਪ੍ਰਕਾਸ਼ ਆਉਂਦਾ ਹੈ । ਸੰਘਰਸ਼ਾਂ ਦੀ ਐਨ੍ਹੀ ਲੋੜ ਨਹੀਂ ਜਿੰਨ੍ਹੀ ਆਗਿਆਕਾਰੀ ਦੀ ਲੋੜ ਹੈ, ਪਰ, ਹਾਂ ਇਹ ਸ਼ਰਤ ਹੈ ਕਿ ਸੱਚੀ

ਆਗਿਆਕਾਰੀ ਹੋਵੇ ਅਤੇ ਇਹੋ ਇਕ ਕਠਨ ਕਾਰਜ ਹੈ । ਫ਼ਰਮਾਇਆ ਤੁਸੀਂ ਜੋ ਮਸੀਹ ਮੌਊਦ ਦੀ ਜਮਾਤ ਅਖਵਾਕੇ ਸਹਾਬਾ ਦੀ ਜਮਾਤ ਨਾਲ ਮਿਲਣ ਦੀ ਇਛੱਾ ਰਖੱਦੇ ਹੋ ਆਪਣੇ ਅੰਦਰ ਸਹਾਬਾ ਦਾ ਰੰਗ ਪੈਦਾ ਕਰੋ । ਹਜ਼ੂਰ ਅਨਵਰ ਨੇ ਫ਼ਰਮਾਇਆ : ਜੇਕਰ ਜਮਾਤੀ ਤਰੱਕੀ ਨੂੰ ਹਮੇਸ਼ਾ ਕਾਇਮ ਰਖੱਣਾ ਹੈ ਖ਼ਿਲਾਫ਼ਤ ਦੇ ਨਿਜ਼ਾਮ ਨੂੰ ਹਮੇਸ਼ਾ ਰਹਿਣ ਲਈ ਜਤਨ ਕਰਨਾ ਹੈ ਤਾਂ ਫਿਰ ਨਮੂਨੇ ਵੀ ਦ੍ਰਿੜ੍ਹ ਵਿਸ਼ਵਾਸ਼ ਨਾਲ ਕਾਇਮ ਰਖੱਣੇ ਹੋਣਗੇ, ਫਿਰ ਹੀ ਤਾਂ ਉਹ ਤਰੱਕੀਆਂ ਵੀ ਮਿਲਣਗੀਆਂ ਜੋ ਪਹਿਲਾਂ ਮਿਲਦੀਆਂ ਰਹੀਆਂ ਹਨ । ਸਾਨੂੰ ਆਪਣੀਆਂ ਇਬਾਦਤਾਂ ਦੇ ਮਿਆਰ ਵੀ ਉੱਚੇ ਚੁਕੱਣੇ ਹੋਣਗੇ, ਆਪਣੀਆਂ ਨਮਾਜ਼ਾਂ ਦੀ ਸੁਰੱਖਿਆ ਕਰਨੀ ਹੋਵੇਗੀ, ਆਪਣੇ ਹਰ ਕਥਨ ਤੇ ਕਰਮ ਨੂੰ ਹਰ ਪ੍ਰਕਾਰ ਦੇ ਸ਼ਿਰਕ ਤੋਂ ਪੂਰਨਤਾ ਪਾਕ ਕਰਨਾ ਹੋਵੇਗਾ, ਆਪਣੇ ਧੰਨ ਮਾਲ ਨੂੰ ਵੀ ਰੱਬ ਦੇ ਮਾਰਗ ਵਿੱਚ ਖਰਚ ਕਰਨਾ ਹੋਵੇਗਾ ਅਤੇ ਖ਼ਿਲਾਫ਼ਤ ਨਾਲ ਵਫ਼ਾਦਾਰੀ ਤੇ ਅਗਿਆਕਾਰੀ ਦੇ ਮਿਆਰਾਂ ਦੀ ਵੀ ਹਰ ਸਮੇਂ ਸੁਰੱਖਿਆ ਕਰਨੀ ਹੋਵੇਗੀ, ਫਿਰ ਹੀ ਅਸੀਂ ਖ਼ਿਲਾਫ਼ਤ ਦੇ ਉਪਹਾਰ ਅਤੇ ਉਸ ਨਾਲ ਸੰਬੰਧਤ ਰੱਬ ਦੀਆਂ ਬਰਕਤਾਂ ਤੋਂ ਲਾਭਵੰਤ ਹੋ ਸਕਦੇ ਹਾਂ ਅਤੇ ਕਿਯਾਮਤ ਤੱਕ ਰਹਿਣ ਵਾਲੀ ਖ਼ਿਲਾਫ਼ਤ ਨਾਲ ਜੁੜੇ ਰਹਿ ਸਕਦੇ ਹਾਂ ਅਤੇ ਆਪਣੀਆਂ ਨਸਲਾਂ ਨੂੰ ਇਹਨਾਂ ਨਾਲ ਜੁੜਿਆ ਰਖੱਣ ਵਾਲਾ ਬਣਾ ਸਕਦੇ ਹਾਂ । ਫ਼ਰਮਾਇਆ ਅਲੱਾਹ ਤਆਲਾ ਨੇ ਸਾਨੂੰ ਖ਼ਿਲਾਫ਼ਤ ਦਾ ਉਪਹਾਰ ਦਿਤੱਾ ਅਤੇ ਬੀਤੇ ਲਗਭੱਗ 110 ਸਾਲ ਤੋਂ ਅਸੀਂ ਰੱਬ ਦੀਆਂ ਮਿਹਰਾਂ ਦੇ ਨਜ਼ਾਰੇ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਕੀਤੇ ਗਏ ਵਾਦਿਆਂ ਨੂੰ ਦੇਖ ਰਹੇ ਹਾਂ । ਅਲੱਾਹ ਤਆਲਾ ਹਰ ਇਕ ਨੂੰ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਇਆ ਹੈ ਇਸ ਗੱਲ ਦਾ ਸੰਜੋਗ ਪ੍ਰਦਾਨ ਕਰੇ ਕਿ ਰੱਬ ਦੀ ਜੋ ਹਿਦਾਇਤਾਂ ਹਨ ਉਹਨਾਂ ਨੂੰ ਸਾਹਮਣੇ ਰਖੱਦਿਆਂ ਹੋਇਆਂ ਖ਼ਿਲਾਫ਼ਤ ਦੀਆਂ ਬਰਕਤਾਂ ਤੋਂ ਹਮੇਸ਼ਾ ਲਾਭ ਪਾਉਂਦੇ ਚਲੇ ਜਾਣ ।

ਪਿਛੱਲੇ ਸਪਤਾਹ ਵੀ ਮੈਂ ਦੁਆ ਦੀ ਤਹਿਰੀਕ ਕੀਤੀ ਸੀ ਪਾਸਿਤਾਨੀਆਂ ਲਈ ਵਿਸ਼ੇਸ਼ ਰੂਪ ਵਿੱਚ, ਦੁਬਾਰਾ ਫ਼ਿਰ ਕਹਿੰਦਾ ਹਾਂ । ਪਾਕਿਸਤਾਨੀਆਂ ਨੂੰ ਵਿਸ਼ੇਸ਼ ਰੂਪ ਵਿੱਚ ਆਪਣੀਆਂ ਦੁਆਵਾਂ ਵਿੱਚ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ, ਆਪਣੀਆਂ ਨਮਾਜ਼ਾਂ ਨੂੰ ਆਪਣੇ ਨਫ਼ਲਾਂ ਨੂੰ ਇਲਾਹੀ ਸਿਮਰਣ ਨੂੰ ਪਹਿਲਾਂ ਤੋਂ ਬਹੁਤ ਵਧਾਉਂਣਾ ਚਾਹੀਦਾ ਹੈ । ਅਲੱਾਹ ਤਾਆਲਾ ਸਾਨੂੰ ਸਾਰਿਆਂ ਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ ।

**Khulasa Khutba Jumma 25.05.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131